# ਖਤਰਨਾਕ ਕੰਮ ਤੋਂ ਇਨਕਾਰ ਕਰਨ ਦਾ ਅਧਿਕਾਰ

## ਰੋਜ਼ਗਾਰਦਾਤਿਆਂ ਅਤੇ ਕਰਮਚਾਰੀਆਂ ਲਈ OHS ਜਾਣਕਾਰੀ

ਇਹ ਸਰੋਤ ਇੱਕ ਕਰਮਚਾਰੀ ਦੇ ਖਤਰਨਾਕ ਕੰਮ ਤੋਂ ਇਨਕਾਰ ਕਰਨ ਦੇ ਅਧਿਕਾਰ ਅਤੇ ਇਸ ਵਿੱਚ ਸ਼ਾਮਲ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੰਦਾ ਹੈ।

---

**ਮੁੱਖ ਜਾਣਕਾਰੀ**

- ਰਕ ਸਾਈਟ ਪਾਰਟੀਆਂ ਸਹਿਯੋਗ ਅਤੇ ਅੰਦਰੂਨੀ ਰੈਜ਼ੋਲੂਸ਼ਨ ਪ੍ਰਕਿਰਿਆਵਾਂ ਦੁਆਰਾ ਗੰਭੀਰ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਹੱਲ ਕਰ ਸਕਦੀਆਂ ਹਨ।
- ਕਰਮਚਾਰੀ ਅਜਿਹੇ ਖਤਰਨਾਕ ਕੰਮ ਤੋਂ ਇਨਕਾਰ ਕਰ ਸਕਦੇ ਹਨ ਜੋ ਸਿਹਤ ਅਤੇ ਸੁਰੱਖਿਆ ਲਈ ਗੰਭੀਰ ਅਤੇ ਫੌਰੀ ਖਤਰਾ ਪੈਦਾ ਕਰਦਾ ਹੈ।
- OHS ਅਫਸਰ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ ਲਈ ਕੰਮ ਦੀਆਂ ਸਾਈਟਾਂ ਦਾ ਨਿਰੀਖਣ ਕਰ ਸਕਦੇ ਹਨ ਅਤੇ OHS *ਐਕਟ* ਦੀ ਧਾਰਾ 17 ਦੇ ਸੰਬੰਧ ਵਿੱਚ ਕਥਿਤ ਅਨੁਚਿਤ ਖਤਰਿਆਂ ਦੀ ਜਾਂਚ ਕਰ ਸਕਦੇ ਹਨ।

---

### ਸਿਹਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ

*ਓਕੂਪੇਸ਼ਨਲ ਹੈਲਥ ਐਂਡ ਸੇਫਟੀ ਐਕਟ (OHS ਐਕਟ)* ਦੇ ਭਾਗ 1 ਦੇ ਅਧੀਨ ਕਰਮਚਾਰੀਆਂ ਅਤੇ ਰੋਜ਼ਗਾਰਦਾਤਾਵਾਂ ਦੀਆਂ ਆਮ ਜ਼ਿੰਮੇਵਾਰੀਆਂ ਹਨ। ਇਨ੍ਹਾਂ ਵਿੱਚ ਕੰਮ ਵਾਲੀ ਥਾਂ ਵਿਖੇ ਸਿਹਤ ਅਤੇ ਸੁਰੱਖਿਆ ਦੀਆਂ ਚਿੰਤਾਵਾਂ ਨੂੰ ਸਾਮ੍ਹਣੇ ਲਿਆਉਣਾ ਅਤੇ ਹੱਲ ਕਰਨ ਦੀ ਜ਼ਿੰਮੇਵਾਰੀ ਸ਼ਾਮਲ ਹੈ, ਜਿਸ ਵਿੱਚ ਸ਼ਾਮਲ ਹਨ:

- ਸੈਕਸ਼ਨ 5(1)(ਈ) ਦੇ ਤਹਿਤ, ਕਰਮਚਾਰੀਆਂ ਨੂੰ ਆਪਣੇ ਰੋਜ਼ਗਾਰਦਾਤਾ ਜਾਂ ਸੁਪਰਵਾਈਜ਼ਰ ਨੂੰ ਅਸੁਰੱਖਿਅਤ ਜਾਂ ਨੁਕਸਾਨਦੇਹ ਕੰਮ ਵਾਲੀ ਸਾਈਟ ਦੇ ਕੰਮਾਂ ਜਾਂ ਹਾਲਾਂਤਾਂ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ।
- ਸੈਕਸ਼ਨ 3(1)(f) ਦੇ ਤਹਿਤ, ਰੋਜ਼ਗਾਰਦਾਤਾਵਾਂ ਨੂੰ ਰਿਪੋਰਟ ਕੀਤੀਆਂ ਗਈਆਂ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨੂੰ ਤੁਰੰਤ ਹੱਲ ਕਰਨਾ ਚਾਹੀਦਾ ਹੈ।

ਜਦੋਂ ਕਿ ਇੱਕ ਰੋਜ਼ਗਾਰਦਾਤਾ ਇੱਕ ਚਿੰਤਾ ਨੂੰ ਸੰਬੋਧਿਤ ਕਰ ਰਿਹਾ ਹੈ, ਹੋਰ ਆਮ ਜ਼ਿੰਮੇਵਾਰੀਆਂ ਅਜੇ ਵੀ ਲਾਗੂ ਹੁੰਦੀਆਂ ਹਨ। ਉਦਾਹਰਨ ਦੇ ਲਈ, ਕਰਮਚਾਰੀ ਨੂੰ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰਨ ਲਈ ਵਾਜਬ ਦੇਖਭਾਲ ਕਰਨੀ ਚਾਹੀਦੀ ਹੈ (ਐਕਟ ਦੀ ਧਾਰਾ 5 (1)(ਏ)) ਅਤੇ ਰੋਜ਼ਗਾਰਦਾਤਾ ਨੂੰ ਉਹ ਕਰਨਾ ਪੈਂਦਾ ਹੈ ਜੋ ਕਰਮਚਾਰੀ ਅਤੇ ਦੂਜਿਆਂ ਦੀ ਰੱਖਿਆ ਕਰਨ ਲਈ ਵਾਜਬ ਤੌਰ 'ਤੇ ਸੰਭਵ ਹੈ (ਐਕਟ ਦੀ ਧਾਰਾ 3 (1)(ਏ))।

ਸਾਰੇ ਮਾਮਲਿਆਂ ਵਿੱਚ, ਸਾਰੀਆਂ ਵਰਕ ਸਾਈਟ ਪਾਰਟੀਆਂ ਦਾ ਧਿਆਨ ਖਤਰੇ ਦੀ ਪਛਾਣ ਅਤੇ ਮੁਲਾਂਕਣ ਕਰਨ, ਮਾਮਲੇ ਨੂੰ ਸੁਲਝਾਉਣ ਲਈ ਮਿਲ ਕੇ ਕੰਮ ਕਰਨ ਅਤੇ ਇਹ ਸੁਨਿਸ਼ਚਿਤ ਕਰਨ 'ਤੇ ਹੋਣਾ ਚਾਹੀਦਾ ਹੈ ਕਿ ਕੋਈ ਵੀ ਖਤਰਨਾਕ ਸਥਿਤੀ ਵਿੱਚ ਨਹੀਂ ਹੈ। ਜੇ ਉਹ ਹੈ, ਤਾਂ ਇਕ ਸੰਯੁਕਤ ਹੈਲਥ ਅਤੇ ਸੇਫਟੀ ਕਮੇਟੀ (HSC) ਜਾਂ ਹੈਲਥ ਅਤੇ ਸੇਫਟੀ ਪ੍ਰਤੀਨਿਧੀ (HS ਪ੍ਰਤੀਨਿਧੀ), ਚਿੰਤਾ ਨੂੰ ਸੁਲਝਾਉਣ ਵਿਚ ਸਹਾਇਤਾ ਕਰੇਗਾ।

ਜੇ ਕਰਮਚਾਰੀ ਰੋਜ਼ਗਾਰਦਾਤਾ ਨਾਲ ਸਿਹਤ ਅਤੇ ਸੁਰੱਖਿਆ ਦੀ ਚਿੰਤਾ ਨੂੰ ਹੱਲ ਨਹੀਂ ਕਰ ਸਕਦਾ, ਤਾਂ ਉਹ ਅਲਬਰਟਾ OHS ਨੂੰ ਸੂਚਿਤ ਕਰ ਸਕਦੇ ਹਨ। OHS ਅਫਸਰਾਂ ਕੋਲ OHS ਕਾਨੂੰਨਾਂ ਦੀ ਪਾਲਣਾ ਦੀ ਪੁਸ਼ਟੀ ਕਰਨ ਲਈ, ਕੰਮ ਦੀਆਂ ਥਾਵਾਂ ਦਾ ਨਿਰੀਖਣ ਕਰਨ ਅਤੇ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਦੀ ਜਾਂਚ ਕਰਨ ਦਾ ਅਧਿਕਾਰ ਹੈ।

### ਕੰਮ ਤੋਂ ਇਨਕਾਰ ਕਰਨਾ

*OHS ਐਕਟ* ਦੀ ਧਾਰਾ 17 ਵਰਕਰਾਂ ਨੂੰ ਕੰਮ ਤੋਂ ਇਨਕਾਰ ਕਰਨ ਦੇ ਯੋਗ ਬਣਾਉਂਦੀ ਹੈ ਜੇ ਉਹ ਵਾਜਬ ਤੌਰ 'ਤੇ ਮੰਨਦੇ ਹਨ ਕਿ ਕੰਮ ਵਾਲੀ ਥਾਂ ਵਿਖੇ ਕੋਈ ਅਨੁਚਿਤ ਖਤਰਾ ਹੈ ਜਾਂ ਉਹ ਖਾਸ ਕੰਮ ਆਪਣੇ ਜਾਂ ਦੂਜਿਆਂ ਲਈ ਇੱਕ ਅਨੁਚਿਤ ਖਤਰਾ ਪੈਦਾ ਕਰਦਾ ਹੈ।

> ਇਸ ਭਾਗ ਵਿਚ, ਕਿਸੇ ਵੀ ਕਿੱਤੇ ਦੇ ਸੰਬੰਧ ਵਿਚ "ਅਨੁਚਿਤ ਖਤਰੇ' ਵਿਚ ਇੱਕ ਅਜਿਹਾ ਖਤਰਾ ਸ਼ਾਮਲ ਹੁੰਦਾ ਹੈ ਜੋ ਕਿਸੇ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਲਈ ਗੰਭੀਰ ਅਤੇ ਫੌਰੀ ਖਤਰਾ ਪੈਦਾ ਕਰਦਾ ਹੈ।
>
> -*OHS ਐਕਟ*, s. 17(1)

ਇੱਕ ਅਨੁਚਿਤ ਖਤਰਾ ਸਿਹਤ ਅਤੇ ਸੁਰੱਖਿਆ ਲਈ ਇੱਕ ਗੰਭੀਰ ਅਤੇ ਫੌਰੀ ਖਤਰਾ ਹੈ ਜੋ ਇਨਕਾਰ ਕਰਨ ਵਾਲਾ ਕਰਮਚਾਰੀ ਅਸਲ ਵਿੱਚ ਉਨ੍ਹਾਂ ਦੇ ਕੰਮ ਵਾਲੀ ਥਾਂ ਤੇ ਵੇਖਦਾ ਹੈ ਜਾਂ ਉਸਦਾ ਅਨੁਭਵ ਕਰਦਾ ਹੈ।



©2021 ਅਲਬਰਟਾ ਸਰਕਾਰ | ਦਸੰਬਰ 2021 ਵਿੱਚ ਅਪਡੇਟ ਕੀਤਾ ਗਿਆ | LI049PUN

ਵਰਗੀਕਰਨ: ਜਨਤਕ

ਕੰਮ ਤੋਂ ਇਨਕਾਰ ਕਰਨ ਦੀ ਪ੍ਰਕਿਰਿਆ ਦੇ ਤਹਿਤ ਆਮ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨਾਲ ਨਹੀਂ ਨਜਿੱਠਿਆ ਜਾਂਦਾ ਕਿਉਂਕਿ ਉਹਨਾਂ ਨੂੰ ਅਨੁਚਿਤ ਖਤਰੇ ਨਹੀਂ ਮੰਨਿਆ ਜਾਂਦਾ ਹੈ।

ਅਨੁਚਿਤ ਖਤਰਿਆਂ ਦੇ ਉਦਾਹਰਨਾਂ ਵਿੱਚ ਸ਼ਾਮਲ ਹਨ:

- ਬੁਨਿਆਦੀ ਢਾਂਚਾ ਅਚਾਨਕ ਢਹਿ ਜਾਂਦਾ ਹੈ ਜਿਸ ਦਾ ਨਤੀਜਾ ਅਸੁਰੱਖਿਅਤ ਭੌਤਿਕ ਵਾਤਾਵਰਣ ਹੁੰਦਾ ਹੈ।
- ਇੱਕ ਖਤਰਾ ਜੋ ਆਮ ਤੌਰ ਤੇ ਕੰਮ ਨੂੰ ਰੋਕ ਦੇਵੇਗਾ, ਜਿਵੇਂ ਕਿ ਟੁੱਟੇ ਜਾਂ ਖਰਾਬ ਹੋਏ ਟੂਲ/ਉਪਕਰਣ, ਜਾਂ ਗੈਸ ਲੀਕ।

ਐਕਟ ਦੀ ਧਾਰਾ 17 ਉਹਨਾਂ ਕਦਮਾਂ ਦਾ ਵਰਣਨ ਕਰਦੀ ਹੈ ਜਿਨ੍ਹਾਂ ਦੀ ਕਰਮਚਾਰੀਆਂ ਅਤੇ ਰੋਜ਼ਗਾਰਦਾਤਾਵਾਂ ਨੂੰ ਕੰਮ ਤੋਂ ਇਨਕਾਰ ਕਰਨ ਦੀ ਪ੍ਰਕਿਰਿਆ ਵਿੱਚ ਪਾਲਣਾ ਕਰਨੀ ਚਾਹੀਦੀ ਹੈ। ਇਹ ਕਦਮ ਦੋਵੇਂ ਵਰਕ ਸਾਈਟ ਪਾਰਟੀਆਂ ਲਈ ਜ਼ਿੰਮੇਵਾਰੀਆਂ ਹਨ। ਇਸ ਬੁਲੇਟਿਨ ਦੇ ਅੰਤ ਵਿੱਚ, ਚਿੱਤਰ 1, ਕਦਮਾਂ ਦੀ ਸੰਖੇਪ ਜਾਣਕਾਰੀ ਦਿੰਦਾ ਹੈ।

## ਕਰਮਚਾਰੀ ਦੀਆਂ ਜ਼ਿੰਮੇਵਾਰੀਆਂ

ਤੁਹਾਨੂੰ ਆਪਣੇ ਇਨਕਾਰ ਅਤੇ ਉਸ ਲਈ ਕਾਰਨਾਂ ਦੀ ਤੁਰੰਤ ਰਿਪੋਰਟ ਕਰਨੀ ਚਾਹੀਦੀ ਹੈ। ਆਪਣੇ ਸੁਪਰਵਾਈਜ਼ਰ, ਰੋਜ਼ਗਾਰਦਾਤਾ ਜਾਂ ਰੋਜ਼ਗਾਰਦਾਤਾ ਦੇ ਮਨੋਨੀਤ ਵਿਅਕਤੀ ਨੂੰ ਰਿਪੋਰਟ ਕਰੋ।

ਜਿੰਨਾ ਸੰਭਵ ਹੋ ਸਕੇ, ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਇਨਕਾਰ ਦੂਜਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਖਤਰੇ ਵਿੱਚ ਨਹੀਂ ਪਾਉਂਦਾ। ਉਦਾਹਰਣ ਦੇ ਲਈ, ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਦੂਜਿਆਂ ਨੂੰ ਸੱਟ ਲੱਗਣ ਤੋਂ ਰੋਕਣ ਲਈ ਖਤਰੇ ਦੇ ਆਲੇ ਦੁਆਲੇ ਰੁਕਾਵਟਾਂ ਲਗਾਓ।

ਕੰਮ ਲਈ ਇਨਕਾਰ ਕਰਨ ਦੀ ਪ੍ਰਕਿਰਿਆ ਦੇ ਦੌਰਾਨ, ਆਪਣੇ ਰੋਜ਼ਗਾਰਦਾਤਾ ਨਾਲ ਉਦੋਂ ਤੱਕ ਸਹਿਯੋਗ ਕਰੋ ਜਦੋਂ ਤੱਕ ਅਜਿਹਾ ਕਰਨਾ ਸੁਰੱਖਿਅਤ ਅਤੇ ਵਾਜਬ ਹੈ।

## ਰੋਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ

### ਪਹਿਲੇ ਕਦਮ: ਠੀਕ ਕਰੋ ਜਾਂ ਕੰਮ ਬੰਦ ਕਰੋ ਅਤੇ ਨਿਰੀਖਣ ਕਰੋ

ਜੇ ਸੰਭਵ ਹੋਵੇ ਤਾਂ ਖਤਰੇ ਨੂੰ ਤੁਰੰਤ ਦੂਰ ਕਰੋ।

ਕੁਝ ਮਾਮਲਿਆਂ ਵਿੱਚ, ਤੁਸੀਂ ਇਸ ਮੁੱਦੇ ਨੂੰ ਸੁਲਝਾਉਣ ਅਤੇ ਤੁਰੰਤ ਕੰਮ ਦੁਬਾਰਾ ਸ਼ੁਰੂ ਕਰਨ ਦੇ ਯੋਗ ਹੋ ਸਕਦੇ ਹੋ। ਉਦਾਹਰਣ ਦੇ ਲਈ, ਜੇ ਤੁਸੀਂ ਅਜਿਹਾ ਕਰ ਸਕਦੇ ਹੋ ਤਾਂ:

- ਟੁੱਟੇ ਜਾਂ ਖਰਾਬ ਹੋਏ ਸਾਧਨਾਂ/ਉਪਕਰਣਾਂ ਲਈ ਬਦਲੀ ਪ੍ਰਦਾਨ ਕਰੋ।
- ਇੱਕ ਸਿਖਿਅਤ ਅਤੇ ਕਾਬਲ ਕਾਮੇ ਨੂੰ ਉਹ ਕੰਮ ਸੌਂਪੋ ਜੋ ਇੱਕ ਬਿਨਾਂ ਸਿਖਲਾਈ ਵਾਲਾ ਕਰਮਚਾਰੀ ਕਰਨ ਤੋਂ ਇਨਕਾਰ ਕਰ ਰਿਹਾ ਹੈ।

ਜੇ ਤੁਸੀਂ ਖਤਰੇ ਨੂੰ ਤੁਰੰਤ ਹੱਲ ਨਹੀਂ ਕਰ ਸਕਦੇ, ਤਾਂ ਤੁਹਾਨੂੰ ਕੰਮ ਬੰਦ ਕਰਨਾ ਚਾਹੀਦਾ ਹੈ, ਇਨਕਾਰ ਕਰਨ ਵਾਲੇ ਕਰਮਚਾਰੀ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ, ਅਤੇ ਖਤਰੇ ਦੀ ਜਾਂਚ ਕਰਨੀ ਚਾਹੀਦੀ ਹੈ, ਇਹ ਮੰਨਦੇ ਹੋਏ ਕਿ ਅਜਿਹਾ ਕਰਨਾ ਸੁਰੱਖਿਅਤ ਅਤੇ ਵਾਜਬ ਹੈ।

ਤੁਸੀਂ ਕੰਮ ਦੁਬਾਰਾ ਸ਼ੁਰੂ ਨਹੀਂ ਕਰ ਸਕਦੇ ਜਾਂ ਕਿਸੇ ਹੋਰ ਕਰਮਚਾਰੀ ਨੂੰ ਕੰਮ ਲਈ ਨਿਰਧਾਰਤ ਨਹੀਂ ਕਰ ਸਕਦੇ ਜਦੋਂ ਤੱਕ ਤੁਸੀਂ ਖਤਰੇ ਦੀ ਜਾਂਚ ਨਹੀਂ ਕਰਦੇ ਅਤੇ ਜਾਂ ਤਾਂ ਖਤਰੇ ਨੂੰ ਦੂਰ ਨਹੀਂ ਕਰਦੇ ਜਾਂ ਇਹ ਨਿਸ਼ਚਤ ਨਹੀਂ ਕਰਦੇ ਕਿ ਕੋਈ ਖਤਰਾ ਨਹੀਂ ਹੈ।

### HSC ਜਾਂ HS ਪ੍ਰਤੀਨਿਧੀ ਦੀ ਸ਼ਮੂਲੀਅਤ

ਜੇ ਤੁਹਾਡਾ HSC ਜਾਂ HS ਪ੍ਰਤੀਨਿਧੀ ਹੈ, ਤਾਂ ਜਿੰਨੀ ਜਲਦੀ ਹੋ ਸਕੇ ਉਨ੍ਹਾਂ ਨੂੰ ਇਨਕਾਰ ਬਾਰੇ ਸੂਚਿਤ ਕਰੋ।

- ਤੁਹਾਡੇ ਲਈ ਇਹ ਕਰਨਾ ਜ਼ਰੂਰੀ ਹੈ ਭਾਵੇਂ ਤੁਸੀਂ ਤੁਰੰਤ ਖਤਰੇ ਨੂੰ ਦੂਰ ਕਰਨ ਦੇ ਯੋਗ ਹੋ।
- HSC ਜਾਂ HS ਪ੍ਰਤੀਨਿਧੀ ਨੂੰ ਨਿੱਜੀ ਜਾਣਕਾਰੀ ਨਾ ਦਿਓ।

HSC ਜਾਂ HS ਪ੍ਰਤੀਨਿਧੀ ਚਿੰਤਾਵਾਂ ਸਾਮ੍ਹਣੇ ਲਿਆ ਸਕਦਾ ਹੈ ਜਾਂ ਸਿਫਾਰਸ਼ਾਂ ਕਰ ਸਕਦਾ ਹੈ। ਇੱਕ ਰੋਜ਼ਗਾਰਦਾਤਾ ਹੋਣ ਦੇ ਨਾਤੇ, ਤੁਹਾਡੇ ਲਈ ਇਨ੍ਹਾਂ ਦਾ ਤੁਰੰਤ ਜਵਾਬ ਦੇਣਾ ਜ਼ਰੂਰੀ ਹੈ।

> *OHS ਐਕਟ* ਦੀ ਧਾਰਾ 13(1) ਕਹਿੰਦੀ ਹੈ ਕਿ HSC ਜਾਂ HS ਪ੍ਰਤੀਨਿਧੀ ਦਾ ਉਦੇਸ਼ "ਸਿਹਤ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਰੋਜ਼ਗਾਰਦਾਤਾ ਅਤੇ ਕਰਮਚਾਰੀਆਂ ਵਿਚਕਾਰ ਸਹਿਯੋਗ ਨੂੰ ਯਕੀਨੀ ਬਣਾਉਣਾ ਹੈ।" ਇਹ ਸਹਿਯੋਗ ਕੰਮ ਤੋਂ ਇਨਕਾਰ ਕਰਨ ਦੇ ਪ੍ਰਭਾਵੀ ਹੱਲਾਂ ਲਈ ਮਹੱਤਵਪੂਰਨ ਹੋ ਸਕਦਾ ਹੈ।

### ਕੰਮ ਤੋਂ ਇਨਕਾਰ ਦੀਆਂ ਰਿਪੋਰਟਾਂ

ਜੇ ਤੁਹਾਨੂੰ ਨਿਰੀਖਣ ਕਰਨਾ ਪਿਆ, ਤਾਂ ਤੁਹਾਡੇ ਲਈ ਕੰਮ ਤੋਂ ਇਨਕਾਰ ਕਰਨ ਦੀ ਰਿਪੋਰਟ ਲਿਖਣਾ ਜ਼ਰੂਰੀ ਹੈ। ਇਸ ਰਿਪੋਰਟ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ:

- ਕੰਮ ਤੋਂ ਇਨਕਾਰ ਕਰਨ ਦੇ ਆਲੇ ਦੁਆਲੇ ਦੇ ਹਾਲਾਤ।
- ਖਤਰੇ ਦੇ ਨਿਰੀਖਣ ਦੇ ਵੇਰਵੇ।
- ਅਨੁਚਿਤ ਖਤਰੇ ਨੂੰ ਦੂਰ ਕਰਨ ਲਈ ਕੀਤੀਆਂ ਗਈਆਂ ਕੋਈ ਵੀ ਕਾਰਵਾਈਆਂ, ਜੇ ਤੁਸੀਂ ਨਿਸ਼ਚਤ ਕੀਤਾ ਕਿ ਕੋਈ ਅਨੁਚਿਤ ਖਤਰਾ ਸੀ।

ਤੁਹਾਡੀ ਕੰਮ ਤੋਂ ਇਨਕਾਰ ਰਿਪੋਰਟ ਵਿੱਚ ਕੋਈ ਨਿੱਜੀ ਜਾਣਕਾਰੀ, ਜਿਵੇਂ ਕਿ ਨਾਮ ਜਾਂ ਇਨਕਾਰ ਕਰਨ ਵਾਲੇ ਕਰਮਚਾਰੀ ਦੀ ਪਛਾਣ, ਸ਼ਾਮਲ ਨਹੀਂ ਹੋਣੀ ਚਾਹੀਦੀ।

- ਗੋਪਨੀਯਤਾ ਕਾਨੂੰਨ ਜਾਣਕਾਰੀ ਨੂੰ ਸਾਂਝਾ ਕਰਨ ਨੂੰ ਨਿਯੰਤਰਿਤ ਕਰਦੇ ਹਨ। ਜੇ ਤੁਸੀਂ ਮੰਨਦੇ ਹੋ ਕਿ ਤੁਹਾਡੀ ਰਿਪੋਰਟ ਵਿਚ ਨਿੱਜੀ ਜਾਣਕਾਰੀ ਜ਼ਰੂਰੀ ਹੈ,



©2021 ਅਲਬਰਟਾ ਸਰਕਾਰ | ਦਸੰਬਰ 2021 ਵਿੱ ਚ ਅਪਡੇਟ ਕੀਤਾ ਗਿਆ | LI049PUN
ਵਰਗੀਕਰਨ: ਜਨਤਕ

ਤਾਂ ਇਹ ਸੁਨਿਸ਼ਚਿਤ ਕਰੋ ਕਿ ਇਹ ਗੋਪਨੀਯਤਾ ਕਾਨੂੰਨ ਦੇ ਅਧੀਨ ਅਧਿਕਾਰਤ ਹੈ।

ਤੁਹਾਨੂੰ ਲਾਜ਼ਮੀ ਤੌਰ 'ਤੇ ਕਰਮਚਾਰੀ ਅਤੇ HSC ਜਾਂ HS ਪ੍ਰਤੀਨਿਧੀ (ਜੇ ਕੋਈ ਹੈ) ਨੂੰ ਰਿਪੋਰਟ ਦੀ ਇੱਕ ਕਾਪੀ ਦੇਣੀ ਚਾਹੀਦੀ ਹੈ।

**ਕੰਮ ਦੀਆਂ ਅਸਾਈਨਮੈਂਟਾਂ**

ਤੁਸੀਂ ਕੰਮ ਤੋਂ ਇਨਕਾਰ ਕਰਨ ਦੀ ਪ੍ਰਕਿਰਿਆ ਦੇ ਦੌਰਾਨ ਇਨਕਾਰ ਕਰਨ ਵਾਲੇ ਕਰਮਚਾਰੀ ਨੂੰ ਅਸਥਾਈ ਤੌਰ 'ਤੇ ਵੱਖਰੇ ਕੰਮ ਲਈ ਨਿਯੁਕਤ ਕਰ ਸਕਦੇ ਹੋ।

- ਕਰਮਚਾਰੀ ਲਈ ਆਪਣੀ ਕੰਮ ਦੀ ਅਸਥਾਈ ਅਸਾਇਨਮੈਂਟ ਨੂੰ ਕਰਨ ਦੇ ਯੋਗ ਹੋਣਾ ਜ਼ਰੂਰੀ ਹੈ।
- ਅਸਥਾਈ ਕੰਮ ਉਸ ਸਾਈਟ 'ਤੇ ਹੋ ਸਕਦਾ ਹੈ ਜਿੱਥੇ ਕੰਮ ਤੋਂ ਇਨਕਾਰ ਹੋਇਆ ਸੀ, ਜੇ ਉਥੇ ਹੋਣਾ ਸੁਰੱਖਿਅਤ ਹੈ।
- ਕੰਮ ਦੀਆਂ ਅਸਥਾਈ ਅਸਾਈਨਮੈਂਟਾਂ ਦੇ ਨਤੀਜੇ ਵਜੋਂ ਤਨਖਾਹ ਦਾ ਨੁਕਸਾਨ ਨਹੀਂ ਹੋ ਸਕਦਾ।

ਜੇ ਤੁਸੀਂ ਤੁਰੰਤ ਕਿਸੇ ਅਨੁਚਿਤ ਖਤਰੇ ਨੂੰ ਦੂਰ ਕਰ ਦਿੱਤਾ ਹੈ; ਜਾਂ ਖਤਰੇ ਦਾ ਨਿਰੀਖਣ ਕੀਤਾ ਹੈ, ਜੇ ਜ਼ਰੂਰੀ ਹੋਵੇ ਤਾਂ ਖਤਰੇ ਨੂੰ ਹੱਲ ਕੀਤਾ ਹੈ, ਅਤੇ ਲੋੜ ਅਨੁਸਾਰ ਕੰਮ ਤੋਂ ਇਨਕਾਰ ਕਰਨ ਦੀ ਰਿਪੋਰਟ ਸਾਂਝੀ ਕੀਤੀ ਹੈ ਤਾਂ ਤੁਸੀਂ ਕਿਸੇ ਇਨਕਾਰ ਕਰਨ ਵਾਲੇ ਕਰਮਚਾਰੀ ਤੋਂ ਕੰਮ ਦੁਬਾਰਾ ਸ਼ੁਰੂ ਕਰਨ ਦੀ ਮੰਗ ਕਰ ਸਕਦੇ ਹੋ ਜਾਂ ਕੰਮ ਲਈ ਕਿਸੇ ਹੋਰ ਕਰਮਚਾਰੀ ਨੂੰ ਨਿਯੁਕਤ ਕਰ ਸਕਦੇ ਹੋ।

**OHS ਨੂੰ ਸੂਚਿਤ ਕਰਨਾ**

ਸਾਰੀ ਪ੍ਰਕਿਰਿਆ ਦੇ ਦੌਰਾਨ, ਵਰਕ ਸਾਈਟ ਪਾਰਟੀਆਂ ਨੂੰ ਕੰਮ ਦੇ ਇਨਕਾਰ ਨੂੰ ਹੱਲ ਕਰਨ ਅਤੇ ਆਪਣੀਆਂ ਵਿਧਾਨਕ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਅੰਦਰੂਨੀ ਪ੍ਰਕਿਰਿਆਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਹਾਲਾਂਕਿ, ਜੇ ਇਨਕਾਰ ਕਰਨ ਵਾਲੇ ਕਰਮਚਾਰੀ ਨੂੰ ਤੁਹਾਡੀ ਕੰਮ ਤੋਂ ਇਨਕਾਰ ਦੀ ਰਿਪੋਰਟ ਮਿਲਦੀ ਹੈ ਅਤੇ ਉਹ ਫਿਰ ਵੀ ਸੋਚਦਾ ਹੈ ਕਿ ਕੋਈ ਅਨੁਚਿਤ ਖਤਰਾ ਹੈ, ਤਾਂ ਉਹ OHS ਨੂੰ ਸੂਚਿਤ ਕਰ ਸਕਦੇ ਹਨ।

ਕਰਮਚਾਰੀ OHS ਨੂੰ ਵੀ ਸੂਚਿਤ ਕਰ ਸਕਦੇ ਹਨ ਜੇ ਉਨ੍ਹਾਂ ਦਾ ਮੰਨਣਾ ਹੈ ਕਿ ਤੁਸੀਂ ਐਕਟ ਦੀ ਧਾਰਾ 17 ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕੀਤੀਆਂ ਹਨ।

ਜੇ ਤਹਾਨੂੰ ਪਤਾ ਲੱਗਦਾ ਹੈ ਕਿ ਕਿਸੇ ਕਰਮਚਾਰੀ ਨੇ OHS ਨੂੰ ਸੂਚਿਤ ਕੀਤਾ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਕੰਮ ਲਈ ਨਿਯੁਕਤ ਕੀਤੇ ਗਏ ਕਿਸੇ ਹੋਰ ਕਰਮਚਾਰੀ ਨੂੰ (ਲਿਖਤੀ ਰੂਪ ਵਿੱਚ) ਇਸ ਬਾਰੇ ਦੱਸਣਾ ਚਾਹੀਦਾ ਹੈ:

- ਪਹਿਲੇ ਕਰਮਚਾਰੀ ਦਾ ਇਨਕਾਰ।
- ਜਿਸ ਕਾਰਨ ਉਨ੍ਹਾਂ ਨੇ ਇਨਕਾਰ ਕੀਤਾ।
- ਉਹ ਕਾਰਨ ਜਿਸ ਕਰਕੇ ਤੁਸੀਂ ਮੰਨਦੇ ਹੋ ਕਿ ਕੋਈ ਅਨੁਚਿਤ ਖਤਰਾ ਨਹੀਂ ਹੈ।

**ਅਲਬਰਟਾ OHS**

**OHS ਕੌਨਟੈਕਟ ਸੈਂਟਰ**

ਜੇ ਤੁਸੀਂ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨੂੰ ਸਾਮ੍ਹਣੇ ਲਿਆਉਣ ਜਾਂ ਕੰਮ ਤੋਂ ਇਨਕਾਰ ਕਰਨ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ OHS ਕੌਨਟੈਕਟ ਸੈਂਟਰ ਨੂੰ ਕਾਲ ਕਰੋ। ਇੱਕ OHS ਕੌਨਟੈਕਟ ਸੈਂਟਰ ਸਲਾਹਕਾਰ ਰੋਜ਼ਗਾਰਦਾਤਾ ਅਤੇ ਕਰਮਚਾਰੀ ਦੀਆਂ ਜ਼ਿੰਮੇਵਾਰੀਆਂ ਨੂੰ ਸਪਸ਼ਟ ਕਰ ਸਕਦਾ ਹੈ ਅਤੇ ਪ੍ਰਸ਼ਨ ਪੁੱਛ ਸਕਦਾ ਹੈ ਜਿਵੇਂ ਕਿ:

- ਕੀ ਕਰਮਚਾਰੀ ਨੇ ਉਨ੍ਹਾਂ ਦੇ ਕੰਮ ਤੋਂ ਇਨਕਾਰ ਕਰਨ ਦੀ ਰਿਪੋਰਟ ਕੀਤੀ ਸੀ?
- ਕੀ ਰੋਜ਼ਗਾਰਦਾਤਾ ਨੇ ਕੰਮ ਕਰਨ ਲਈ ਕਿਸੇ ਹੋਰ ਕਰਮਚਾਰੀ ਨੂੰ ਨਿਯੁਕਤ ਕੀਤਾ ਹੈ?
- ਕੀ ਕੰਮ ਵਾਲੀ ਥਾਂ 'ਤੇ ਕੰਮ ਰੁਕਿਆ ਹੋਇਆ ਹੈ?
- ਰੋਜ਼ਗਾਰਦਾਤਾ ਨੇ ਸਥਿਤੀ ਨੂੰ ਹੱਲ ਕਰਨ ਲਈ ਕੀ ਕੀਤਾ?
- ਕੀ ਰੋਜ਼ਗਾਰਦਾਤਾ ਨੇ ਕੰਮ ਤੋਂ ਇਨਕਾਰ ਦੀ ਰਿਪੋਰਟ ਲਿਖੀ ਅਤੇ ਸਾਂਝੀ ਕੀਤੀ ਸੀ?
- ਕੀ OHS ਨੇ ਇਸ ਮੁੱਦੇ ਦੇ ਸੰਬੰਧ ਵਿੱਚ ਕੰਮ ਵਾਲੀ ਥਾਂ ਦਾ ਨਿਰੀਖਣ ਕੀਤਾ ਹੈ?

**OHS ਨੋਟੀਫਿਕੇਸ਼ਨਾਂ**

ਤੁਸੀਂ OHS ਨੂੰ ਸੂਚਿਤ ਕਰ ਸਕਦੇ ਹੋ ਜੇ ਤੁਸੀਂ ਇੱਕ ਕਰਮਚਾਰੀ ਹੋ ਜਿਸਨੇ ਅਸੁਰੱਖਿਅਤ ਕੰਮ ਤੋਂ ਇਨਕਾਰ ਕਰ ਦਿੱਤਾ ਹੈ ਅਤੇ:

- ਤੁਹਾਡੇ ਰੋਜ਼ਗਾਰਦਾਤਾ ਨੇ ਉਨ੍ਹਾਂ ਦੇ ਕੰਮ ਤੋਂ ਇਨਕਾਰ ਕਰਨ ਸੰਬੰਧੀ ਜ਼ਿੰਮੇਵਾਰੀਆਂ ਨੂੰ ਪੂਰਾ ਨਹੀਂ ਕੀਤਾ ਹੈ।

ਜਾਂ

- ਤੁਹਾਡੇ ਰੋਜ਼ਗਾਰਦਾਤਾ ਨੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕੀਤੀਆਂ ਹਨ ਪਰ ਤੁਸੀਂ ਅਜੇ ਵੀ ਮੰਨਦੇ ਹੋ ਕਿ ਇੱਕ ਅਨੁਚਿਤ ਖਤਰਾ ਹੈ।

ਨੋਟੀਫਿਕੇਸ਼ਨ ਤੋਂ ਬਾਅਦ, ਇੱਕ OHS ਅਫਸਰ– ਫੋਨ ਰਾਹੀਂ ਜਾਂ ਕੰਮ ਵਾਲੀ ਥਾਂ ਤੇ ਹਾਜ਼ਰ ਹੋ ਕੇ – ਪੁਸ਼ਟੀ ਕਰੇਗਾ ਕਿ ਧਿਰਾਂ ਨੇ ਆਪਣੀ ਅੰਦਰੂਨੀ ਰੈਜ਼ੋਲੂਸ਼ਨ ਪ੍ਰਕਿਰਿਆ ਦੀ ਪਾਲਣਾ ਕੀਤੀ ਹੈ ਅਤੇ ਆਪਣੀਆਂ ਕੰਮ ਤੋਂ ਇਨਕਾਰ ਦੀਆਂ ਵਿਧਾਨਕ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ ਹੈ।

- ਜੇ ਅਫਸਰ ਨੂੰ ਪਤਾ ਲੱਗਦਾ ਹੈ ਕਿ ਰੋਜ਼ਗਾਰਦਾਤਾ ਨੇ ਉਨ੍ਹਾਂ ਦੀਆਂ ਡਿਊਟੀਆਂ ਪੂਰੀਆਂ ਨਹੀਂ ਕੀਤੀਆਂ ਹਨ, ਤਾਂ ਅਫਸਰ ਰੋਜ਼ਗਾਰਦਾਤਾ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਤ ਕਰਨ ਲਈ ਕਦਮ ਚੁੱਕੇਗਾ।



©2021 ਅਲਬਰਟਾ ਸਰਕਾਰ | ਦਸੰਬਰ 2021 ਵਿੱ ਚ ਅਪਡੇਟ ਕੀਤਾ ਗਿਆ | LI049PUN

ਵਰਗੀਕਰਨ: ਜਨਤਕ

ਕੁਝ ਮਾਮਲਿਆਂ ਵਿੱਚ, ਜੇ ਕੋਈ ਰੋਜ਼ਗਾਰਦਾਤਾ ਆਪਣੀ ਕੰਮ ਤੋਂ ਇਨਕਾਰ ਰਿਪੋਰਟ ਵਿੱਚ ਫੈਸਲੇ 'ਤੇ ਮੁੜ ਵਿਚਾਰ ਕਰੇਗਾ, ਤਾਂ ਅਫਸਰ ਇਸ ਮਾਮਲੇ ਨੂੰ ਸੁਲਝਾਉਣ ਲਈ ਧਿਰਾਂ ਨਾਲ ਕੰਮ ਕਰ ਸਕਦਾ ਹੈ।

**OHS ਕੰਮ ਤੋਂ ਇਨਕਾਰ ਕਰਨ ਸੰਬੰਧੀ ਜਾਂਚਾਂ**


ਜੇ ਅਫਸਰ ਨੂੰ ਪਤਾ ਲੱਗਦਾ ਹੈ ਕਿ ਕੰਮ ਵਾਲੀ ਥਾਂ ਦੀਆਂ ਪਾਰਟੀਆਂ ਨੇ ਆਪਣੇ ਕੰਮ ਤੋਂ ਇਨਕਾਰ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ ਹੈ, ਅਤੇ ਕਰਮਚਾਰੀ ਅਜੇ ਵੀ ਰੋਜ਼ਗਾਰਦਾਤਾ ਦੇ ਅੰਤਮ ਫੈਸਲੇ ਨਾਲ ਸਹਿਮਤ ਨਹੀਂ ਹੈ, ਤਾਂ ਅਫਸਰ ਜਾਂਚ ਕਰੇਗਾ ਕਿ ਕੀ ਕੋਈ ਅਨੁਚਿਤ ਖਤਰਾ ਹੈ।

ਜਾਂਚ ਦੇ ਦੌਰਾਨ, ਅਫਸਰ ਕੰਮ ਵਾਲੀ ਥਾਂ ਦਾ ਮੁਆਇਨਾ ਕਰ ਸਕਦਾ ਹੈ, ਜਾਣਕਾਰੀ ਅਤੇ ਦਸਤਾਵੇਜ਼ ਮੰਗ ਸਕਦਾ ਹੈ ਅਤੇ/ਜਾਂ ਵਿਅਕਤੀਆਂ ਨਾਲ ਗੱਲ ਕਰ ਸਕਦਾ ਹੈ।

ਅਫਸਰ ਦੇ ਜਾਂਚ ਨੂੰ ਖਤਮ ਕਰਨ ਤੋਂ ਬਾਅਦ, ਉਹ ਇਨਕਾਰ ਕਰਨ ਵਾਲੇ ਕਰਮਚਾਰੀ, ਰੋਜ਼ਗਾਰਦਾਤਾ ਅਤੇ HSC ਜਾਂ HS ਪ੍ਰਤੀਨਿਧੀ (ਜੇ ਕੋਈ ਹੈ) ਨੂੰ ਰਿਪੋਰਟ ਦਿੰਦੇ ਹਨ। OHS ਰਿਪੋਰਟ ਵਿੱਚ ਅਫਸਰ ਦੇ ਫੈਸਲੇ, ਨਤੀਜੇ ਅਤੇ ਤਰਕ ਦਾ ਸਾਰ ਸ਼ਾਮਲ ਹੁੰਦਾ ਹੈ।

- ਜੇ ਕੋਈ ਅਨੁਚਿਤ ਖਤਰਾ ਮੌਜੂਦ ਨਹੀਂ ਹੈ, ਤਾਂ ਅਫਸਰ ਉਸ ਨਤੀਜੇ ਬਾਰੇ ਕਰਮਚਾਰੀ ਨੂੰ ਸੂਚਿਤ ਕਰਦਾ ਹੈ।
- ਜੇ ਕੋਈ ਅਨੁਚਿਤ ਖਤਰਾ ਮੌਜੂਦ ਹੈ, ਤਾਂ ਰੋਜ਼ਗਾਰਦਾਤਾ ਲਈ ਇਸ ਦੇ ਹੱਲ ਕਰਨ ਲਈ ਤੁਰੰਤ ਕਾਰਵਾਈ ਕਰਨਾ ਜ਼ਰੂਰੀ ਹੈ। (ਜਦੋਂ ਇਹ ਪੂਰਾ ਹੋ ਜਾਂਦਾ ਹੈ, ਤਾਂ ਅਫਸਰ ਕਰਮਚਾਰੀ ਨੂੰ ਨਤੀਜੇ ਦੇ ਬਾਰੇ ਸੂਚਿਤ ਕਰਦਾ ਹੈ।)

ਰੋਜ਼ਗਾਰਦਾਤਾ ਜਾਂ ਕਰਮਚਾਰੀ ਅਲਬਰਟਾ ਲੇਬਰ ਰਿਲੇਸ਼ਨਜ਼ ਬੋਰਡ (ALRB) ਦੇ ਨਾਲ ਅਫਸਰ ਦੇ ਇਸ ਨਿਰਧਾਰਨ ਦੀ ਅਪੀਲ ਕਰ ਸਕਦੇ ਹਨ ਕਿ ਕੀ ਕੋਈ ਅਨੁਚਿਤ ਖਤਰਾ ਮੌਜੂਦ ਹੈ ਜਾਂ ਨਹੀਂ। ALRB ਆਪਣਾ ਫੈਸਲਾ ਇਸ ਅਧਾਰ 'ਤੇ ਕਰਦਾ ਹੈ ਕਿ ਕੀ ਕੰਮ ਤੋਂ ਇਨਕਾਰ ਕਰਨ ਵਿੱਚ ਅਧਿਕਾਰੀ ਦਾ ਨਿਧਾਰਨ ਵਾਜਬ ਸੀ ਜਾਂ ਨਹੀਂ।




**ਚਿੱਤਰ 1**: ਵਰਕਰ ਅਤੇ ਰੋਜ਼ਗਾਰਦਾਤਾ ਸੈਕਸ਼ਨ 17 ਕੰਮ ਤੋਂ ਇਨਕਾਰ ਕਰਨ ਵਾਲੀਆਂ ਡਿਊਟੀਆਂ ਦੀ ਰੂਪਰੇਖਾ।



©2021 ਅਲਬਰਟਾ ਸਰਕਾਰ | ਦਸੰਬਰ 2021 ਵਿੱਚ ਅਪਡੇਟ ਕੀਤਾ ਗਿਆ | LI049PUN

ਵਰਗੀਕਰਨ: ਜਨਤਕ

## ਸਾਡੇ ਨਾਲ ਸੰਪਰਕ ਕਰੋ

**OHS ਕੌਨਟੈਕਟ ਸੈਂਟਰ**

ਅਲਬਰਟਾ ਵਿੱਚ ਕਿਤੇ ਵੀ

1-866-415-8690

ਐਡਮੰਟਨ ਅਤੇ ਆਸ ਪਾਸ ਦਾ ਖੇਤਰ

780-415-8690

ਬੋਲੇ ਜਾਂ ਸੁਣਨ ਵਿੱਚ ਮੁਸ਼ਕਲ (TTY)

1-800-232-7215 (ਅਲਬਰਟਾ)

780-427-9999 (ਐਡਮੰਟਨ)

**ਸਿਹਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਬਾਰੇ OHS ਨੂੰ ਸੂਚਿਤ ਕਰੋ**

alberta.ca/file-complaint-online.aspx

> OHS ਕੌਨਟੈਕਟ ਸੈਂਟਰ ਨੂੰ ਕਾਲ ਕਰੋ ਜੇਕਰ ਤੁਹਾਨੂੰ ਅਜਿਹੀਆਂ ਚਿੰਤਾਵਾਂ ਹਨ ਜਿਨ੍ਹਾਂ ਵਿੱਚ ਕੰਮ ਵਾਲੀ ਥਾਂ ਵਿਖੇ ਕਿਸੇ ਵਿਅਕਤੀ ਨੂੰ ਫੌਰੀ ਖਤਰਾ ਸ਼ਾਮਲ ਹੈ।

**ਕਿਸੇ ਕੰਮ ਵਾਲੀ ਥਾਂ ਦੀ ਘਟਨਾ ਦੀ ਰਿਪੋਰਟ OHS ਨੂੰ ਕਰੋ**

**ਵੈੱਬਸਾਈਟ**

alberta.ca/ohs

## OHS ਐਕਟ, ਰੈਗੂਲੇਸ਼ਨ ਅਤੇ ਕੋਡ ਦੀਆਂ ਕਾਪੀਆਂ ਪ੍ਰਾਪਤ ਕਰੋ

**ਅਲਬਰਟਾ ਕਵੀਨ ਦਾ ਪ੍ਰਿੰਟਰ**

qp.gov.ab.ca

**OHS**

alberta.ca/ohs-act-regulation-code.aspx

## ਵਧੇਰੇ ਜਾਣਕਾਰੀ ਲਈ

OHS ਕਾਰਵਾਈ ਦੀ ਅਪੀਲ ਕਰਨਾ

alberta.ca/appeal-ohs-action.aspx

ਕੀ ਤੁਸੀਂ ਜਾਣਦੇ ਹੋ ਕਿ ਖਤਰਨਾਕ ਕੰਮ ਤੋਂ ਇਨਕਾਰ ਕਿਵੇਂ ਕਰਨਾ ਹੈ? (PTR008PUN)

ohs-pubstore.labour.alberta.ca/ptr008pun

© 2021 ਅਲਬਰਟਾ ਸਰਕਾਰ

ਇਹ ਸਮੱਗਰੀ ਸਿਰਫ ਜਾਣਕਾਰੀ ਲਈ ਹੈ। ਇਸ ਸਮੱਗਰੀ ਵਿਚ ਦਿੱਤੀ ਗਈ ਜਾਣਕਾਰੀ ਸਿਰਫ ਉਪਭੋਗਤਾ ਦੀ ਜਾਣਕਾਰੀ ਅਤੇ ਸੁਵਿਧਾ ਲਈ ਹੈ ਅਤੇ, ਜਦੋਂ ਕਿ ਸਹੀ ਅਤੇ ਕਾਰਜਸ਼ੀਲ ਸਮਝੀ ਜਾਂਦੀ ਹੈ, ਇਹ ਕਿਸੇ ਵੀ ਕਿਸਮ ਦੀ ਵਾਰੰਟੀ ਤੋਂ ਬਿਨਾਂ ਪ੍ਰਦਾਨ ਕੀਤੀ ਜਾਂਦੀ ਹੈ। ਕਰਾਉਨ, ਏਜੰਟ, ਕਰਮਚਾਰੀ ਜਾਂ ਠੇਕੇਦਾਰ ਇਸ ਸਮੱਗਰੀ ਵਿੱਚ ਸ਼ਾਮਲ ਜਾਣਕਾਰੀ ਦੀ ਤੁਹਾਡੀ ਵਰਤੋਂ ਤੋਂ ਪੈਦਾ ਹੋਏ ਕਿਸੇ ਵੀ ਨੁਕਸਾਨ, ਸਿੱਧੇ ਜਾਂ ਅਸਿੱਧੇ ਲਈ, ਤੁਹਾਡੇ ਲਈ ਜਵਾਬਦੇਹ ਨਹੀਂ ਹੋਣਗੇ। ਜੇ ਇਸ ਸਮੱਗਰੀ ਦੇ ਅੰਦਰ ਸ਼ਾਮਲ ਕਿਸੇ ਵੀ ਜਾਣਕਾਰੀ ਦੇ ਸੰਬੰਧ ਵਿੱਚ ਸ਼ੱਕ ਹੈ, ਜਾਂ ਕਾਨੂੰਨੀ ਜ਼ਰੂਰਤਾਂ ਦੀ ਪੁਸ਼ਟੀ ਲਈ, ਕਿਰਪਾ ਕਰਕੇ *ਓਕੂਪੇਸ਼ਨਲ ਹੈਲਥ ਐਂਡ ਸੇਫਟੀ ਐਕਟ,* ਰੈਗੂਲੇਸ਼ਨ ਅਤੇ ਕੋਡ ਜਾਂ ਹੋਰ ਲਾਗੂ ਕਾਨੂੰਨ ਦਾ ਵਰਤਮਾਨ ਸੰਸਕਰਣ ਦੇਖੋ। ਇਸ ਤੋਂ ਇਲਾਵਾ, ਜੇਕਰ ਇਸ ਸਮੱਗਰੀ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਅਤੇ ਲਾਗੂ ਵਿਧਾਨਕ ਲੋੜਾਂ ਵਿਚਕਾਰ ਕੋਈ ਅਸੰਗਤਤਾ ਜਾਂ ਟਕਰਾਅ ਹੈ, ਤਾਂ ਵਿਧਾਨਕ ਲੋੜ ਪ੍ਰਬਲ ਹੋਵੇਗੀ। ਇਹ ਸਮੱਗਰੀ ਦਸੰਬਰ 2021 ਤੱਕ ਵਰਤਮਾਨ ਹੈ। ਕਾਨੂੰਨ ਨਵੇਂ ਕਾਨੂੰਨਾਂ, ਮੌਜੂਦਾ ਕਾਨੂੰਨਾਂ ਵਿਚ ਸੋਧਾਂ ਅਤੇ ਅਦਾਲਤਾਂ ਦੇ ਫੈਸਲਿਆਂ ਨਾਲ ਲਗਾਤਾਰ ਬਦਲਦਾ ਰਹਿੰਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਮੌਜੂਦਾ ਕਾਨੂੰਨ ਬਾਰੇ ਆਪਣੇ ਆਪ ਨੂੰ ਸੂਚਿਤ ਕਰਦੇ ਰਹੋ। ਇਹ ਸਮੱਗਰੀ ਗੈਰ-ਵਪਾਰਕ ਉਦੇਸ਼ਾਂ ਲਈ ਵਰਤੀ ਜਾ ਸਕਦੀ ਹੈ, ਦੁਬਾਰਾ ਤਿਆਰ ਕੀਤੀ ਜਾ ਸਕਦੀ ਹੈ, ਸਟੋਰ ਕੀਤੀ ਜਾ ਸਕਦੀ ਹੈ ਜਾਂ ਸੰਚਾਰਿਤ ਕੀਤੀ ਜਾ ਸਕਦੀ ਹੈ। ਪ੍ਰਕਾਸ਼ਿਤ ਕਰਨ ਜਾਂ ਦੂਜਿਆਂ ਨੂੰ ਜਾਰੀ ਕਰਨ ਵੇਲੇ ਇਸ ਸਮੱਗਰੀ ਦੇ ਸਰੋਤ ਦਾ ਧੰਨਵਾਦ ਕੀਤਾ ਜਾਣਾ ਚਾਹੀਦਾ ਹੈ। ਇਹ ਸਮੱਗਰੀ ਅਲਬਰਟਾ ਸਰਕਾਰ ਦੀ ਲਿਖਤੀ ਆਗਿਆ ਤੋਂ ਬਿਨਾਂ ਵਪਾਰਕ ਉਦੇਸ਼ਾਂ ਲਈ ਵਰਤੀ, ਦੁਬਾਰਾ ਤਿਆਰ ਕੀਤੀ, ਸਟੋਰ ਕੀਤੀ ਜਾਂ ਸੰਚਾਰਿਤ ਨਹੀਂ ਕੀਤੀ ਜਾ ਸਕਦੀ।